# ਦਫ਼ਤਰ ਨਗਰ ਨਿਗਮ,ਹੁਸ਼ਿਆਰਪੁਰ।

**ਵਿਸ਼ਾ :-** ਨਗਰ ਨਿਗਮ ਹੁਸ਼ਿਆਰਪੁਰ ਦਾ ਆਮਦਨ ਅਤੇ ਖਰਚੇ ਦਾ ਅਨੁਮਾਨਿਤ ਬਜਟ ਸਾਲ 2026-2027

1. ਨਗਰ ਨਿਗਮ, ਹੁਸ਼ਿਆਰਪੁਰ ਦਾ ਆਮਦਨ ਅਤੇ ਖਰਚੇ ਦਾ ਬਜਟ ਅਨੁਮਾਨਤ ਸਾਲ 2025-26 ਡਾਇਰੈਕਟਰ, ਸਥਾਨ ਸਰਕਾਰ, ਪੰਜਾਬ, ਚੰਡੀਗੜ੍ਹ ਜੀ ਵੱਲੋਂ Dispatch No. 20252610328 date 24.06.2025 ਰਾਹੀਂ ਆਮਦਨ ਬਜਟ ਰੁ: 7056.85 ਲੱਖ ਅ ਖਰਚ ਦਾ ਬਜਟ ਰੁ: 7192.77 ਲੱਖ ਦਾ ਪ੍ਰਵਾਨ ਕੀਤਾ ਸੀ। ਪ੍ਰਵਾਨਿਤ ਆਮਦਨ ਬਜਟ ਰੁ: 7056.85 ਲੱਖ ਦੇ ਵਿਰੁੱਧ 31.01.2026 ਤੱ 4781.34 ਲੱਖ ਦੀ ਆਮਦਨ ਹੋਈ ਹੈ। ਮਿਤੀ 01.02.2026 ਤੋ 31.03.2026 ਤੱਕ 3248.78 ਲੱਖ ਦੀ ਆਮਦਨ ਹੋਣ ਦੀ ਆਸ ਹੈ। ਇ ਪ੍ਰਕਾਰ ਸਾਲ 2025-2026 ਦੌਰਾਨ ਕੁੱਲ 8030.12 ਲੱਖ ਆਮਦਨ ਹੋਣ ਦਾ ਅਨੁਮਾਨ ਹੈ।

ਸਥਾਨਕ ਸਰਕਾਰ, ਵਿਭਾਗ ਵਲੋਂ ਬਜਟ ਤਿਆਰ ਕਰਨ ਸਬੰਧੀ ਜਾਰੀਂ ਹਦਾਇਤਾਂ ਅਨੁਸਾਰ ਬਜਟ ਵਿੱਚ ਕੁੱਲ ਆਮਦਨ 35% ਅਮਲੇ ਤੇ 5% ਅਚਨਚੇਤ ਅਤੇ 60% ਵਿਕਾਸ ਦੇ ਕੰਮਾਂ ਲਈ ਖਰਚ ਕਰਨ ਦੇ ਨਾਰਮਜ਼ ਨਿਰਧਾਰਿਤ ਕੀਤੇ ਗਏ ਹਨ, ਜਦਕਿ ਮੌਜੂ ਸਟਾਫ ਦੀਆਂ ਤਨਖਾਹਾਂ ਉਪਰ 6ਵਾਂ ਵਿੱਤ ਕਮਿਸ਼ਨ ਲਾਗੂ ਹੋਣ ਕਰਕੇ ਖਰਚੇ ਨੂੰ ਮੁੱਖ ਰੱਖਦੇ ਹੋਏ ਸਾਲ 2026-2027 ਦੌਰਾਨ ਅਮਲੇ ਦੀ ਮ ਅਧੀਨ ਅਨੁਮਾਨਤ ਆਮਦਨ ਦੇ 35% ਦੇ ਨਾਰਮਜ਼ ਵਿਰੁੱਧ 66% ਖਰਚ ਹੋਣ ਦੀ ਸੰਭਾਵਨਾ ਹੈ, ਜਿਸ ਵਿੱਚ ਕਟੋਤੀ ਕਰਨਾ ਸੰਭਵ ਨਹੀ ਹੈ, ਜਿਸ ਦੇ ਸਿੱਟੇ ਵਜੋਂ ਅਮਲੇ ਦੇ ਵਾਧੂ ਖਰਚ ਨੂੰ ਵਿਕਾਸ ਦੀ ਮਦ ਅਧੀਨ ਅੱਡਜਸਟ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਸਾਲ 2025-26 ਪ੍ਰਵਾਨਤ ਬਜਟ ਵਿੱਚ ਸਰਕਾਰ ਵੱਲੋਂ ਅਮਲੇ ਤੇ ਅਨੁਮਾਨਤ ਆਮਦਨ ਦਾ 77% ਪ੍ਰਵਾਨ ਕੀਤਾ ਗਿਆ ਸੀ।

ਸਰਕਾਰ ਵਲੋਂ ਸਾਲ 2025-26 ਦੇ ਪ੍ਰਵਾਨਤ ਖਰਚ ਦੇ ਬਜਟ ਵਿਰੁੱਧ ਹੇਠ ਲਿਖੇ ਅਨੁਸਾਰ ਖਰਚਾ ਹੋਣ ਦਾ ਅਨੁਮਾਨ ਹੈ :

(ਰਕਮ ਲੱਖਾ ਵਿਚ)

| ਲੜੀ ਨੰ: | ਮਦ | ਬਜਟ ਉਪਬੰਧ 2025-26 | ਅਸਲ ਖਰਚਾ ਮਿਤੀ 01.04.2025 ਤੋਂ 31.01.2026 ਤੱਕ | ਅਨੁਮਾਨਤ ਖਰਚ ਮਿਤੀ 01.02.2026 ਤੋਂ 31.03.2026 ਤੱਕ | ਅਨੁਮਾਨਤ ਖਰਚ 2025-26 |
|---|---|---|---|---|---|
| 1 | ਅਮਲਾ | 5432.63 ਲੱਖ | 3701.78 | 1730.85 | 5432.63 ਲੱਖ |
| 2 | ਕੰਟੀਜੈਨਸੀ | 345.30 ਲੱਖ | 221.64 | 123.66 | 345.30 ਲੱਖ |
| 3 | ਡਿਵੈਲਪਮੈਂਟ | 1414.84 ਲੱਖ | 1459.51 | 523.69 | 1983.20ਲੱਖ |
| | ਕੁੱਲ ਜੋੜ | 7192.77 ਲੱਖ | 5382.93 | 2378.20 | 7761.13ਲੱਖ |

ਉਪਰੋਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਆਮਦਨ ਦਾ ਬਜਟ ਸਾਲ 2026-2027 ਦਾ 8961.00 ਲੱਖ ਦਾ ਤਜਵੀਜ ਕੀਤਾ ਜਾਂਦਾ ਹੈ ਜੀ। ਜਿਸਦਾ ਵੇਰਵਾ ਮੱਦ ਵਾਇਜ ਹੇਠ ਲਿਖੇ ਅਨੁਸਾਰ ਹੈ ਜੀ :-

ਅਨੁਮਾਨਤ ਆਮਦਨ ਦਾ ਬਜਟ - ਬਾਬਤ ਸਾਲ 2026-2027 (ਰਕਮ ਲੱਖਾ ਵਿਚ)

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2024-25 | ਬਜਟ ਪ੍ਰਵੀਜਨ 2025-26 | ਅਸਲ ਆਮਦਨ 01-04-2025 ਤੋਂ 31-01-2026 | 01-02-2026 ਤੋ 31-03-2026 ਅਨੁਮਾਨਤ ਆਮਦਨ | 2025-2026 ਦੌਰਾਨ ਅਨੁਮਾਨਤ ਆਮਦਨ (ਸੋਧੇ ਹੋਏ ਬਜਟ) | ਤਜਵੀਜ਼ ਬਜਟ 2026-2027 |
|---|---|---|---|---|---|---|---|
| 1 | ਪ੍ਰਾਪਰਟੀ ਟੈਕਸ | 763.89 | 820.00 | 685.36 | 150.64 | 836.00 | 1000.00 |
| 2 | ਵੈਟ/ਜੀ.ਐਸ.ਟੀ | 4327.61 | 4600.00 | 2469.69 | 2130.31 | 4600.00 | 5060.00 |
| 3 | ਬਿਜਲੀ ਤੇ ਚੂੰਗੀ/ਮਿਊਂਸਪਲ ਟੈਕਸ | 0.00 | 1.00 | 0.00 | 1.00 | 1.00 | 1.00 |
| 4 | ਵਾਧੂ ਆਬਕਾਰੀ | 359.37 | 150.00 | 652.13 | 0.00 | 652.13 | 720.00 |
| 5 | ਐਡਵਰਟਾਈਜਮੈਂਟ ਟੈਕਸ | 29.84 | 70.00 | 17.63 | 52.37 | 70.00 | 72.00 |
| 6 | ਲਾਇਸੈਸ ਫੀਸ | 33.09 | 40.00 | 20.83 | 19.17 | 40.00 | 45.00 |
| 7 | ਸਲਾਟਰ ਹਾਊਸ ਫੀਸ | 1.30 | 2.00 | 1.09 | 0.91 | 2.00 | 3.00 |
| 8 | ਬਿਲਡਿੰਗ ਐਪਲੀਕੇਸ਼ਨ ਫੀਸ, ਡਿਵੈਲਪਮੈਂਟ ਫੀਸ, ਸੀ.ਐਲ.ਯੂ, ਮੁਆਵਜਾ ਫੀਸ/ ਬਿਲਡਿੰਗ ਸਮਝੌਤਾ ਫੀਸ ਆਦਿ | 618.62 | 500.00 | 61.34 | 638 66 | 700 00 | 800.00 |
| 9 | ਵਾਟਰ/ਸੀਵਰੇਜ਼ ਚਾਰਜਿਸ | 282.89 | 310.00 | 223.87 | 86.13 | 310.00 | 350.00 |
| 10 | ਕਰਾਇਆ | 52.80 | 70.00 | 26.56 | 43.44 | 70.00 | 80.00 |

Scanned with OKEN Scanner

| | | | | | | | |
|---|---|---|---|---|---|---|---|
| 1 | ਤਹਿਬਜ਼ਾਰੀ | 50.04 | 70.00 | 43.20 | 26.80 | 70.00 | 80.00 |
| 12 | ਕਾਓ ਸੈਸ | 19.59 | 25.00 | 5.65 | 49.35 | 55.00 | 60.00 |
| 13 | ਮਿਸਲੇਨੀਅਸ (ਵਿਆਜ/ ਬਿਆਨਾ ਰਕਮ/ ਸ਼ੋਅ ਟੈਕਸ, ਟੈਂਡਰ ਫਾਰਮ ਫੀਸ, ਫਾਇਰ ਕਾਲ ਰਿਪੋਰਟ/ ਫਾਇਰ NOC, ਇੰਟਰਟੇਨਮੈਂਟ ਟੈਕਸ, ODI ਬਾਇਲਾਜ ਦੀ ਉਲੰਘਣਾ (ਜੁਰਮਾਨਾ ਫੀਸ ਹੈਲਥ ਸ਼ਾਖਾ) ਆਦਿ) | 103.25 | 398.85 | 573.99 | 50.00 | 623.99 | 690.00 |
| | **ਕੁੱਲ ਜੋੜ** | **6642.29** | **7056.85** | **4781.34** | **3248.78** | **8030.12** | **8961.00** |

ਅਨੁਮਾਨਤ ਖਰਚੇ ਦਾ ਬਜਟ ਬਾਬਤ ਸਾਲ 2026-2027

(1) <u>ਅਮਲੇ ਤੇ ਖਰਚਾ</u> :-ਸਾਲ 2025-26 ਵਿੱਚ ਅਮਲੇ ਦੀ ਮੱਦ ਅਧੀਨ 5432.63 ਲੱਖ ਦਾ ਉਪਬੰਧ ਕੀਤਾ ਗਿਆ ਸੀ। ਇਸ ਦੇ ਵਿਰੁੱਧ 31.01.2026 ਤੱਕ 3701.78 ਲੱਖ ਰੁਪਏ ਖਰਚ ਹੋਏ ਹਨ। ਮਿਤੀ 01.01.2026 ਤੋਂ 31.03.2026 ਤੱਕ 1730.85 ਲੱਖ ਰੁ: ਖਰਚ ਹੋਣ ਦਾ ਅਨੁਮਾਨ ਹੈ। ਨਗਰ ਨਿਗਮ ਵਿੱਚ ਕੰਮ ਕਰ ਰਹੇ ਮੁਲਾਜਮਾ ਨੂੰ ਹਰ ਸਾਲ ਇੱਕ ਸਲਾਨਾ ਤਰੱਕੀ ਅਤੇ ਕੇਂਦਰੀ ਸਰਕਾਰ ਦੀ ਤਰਜ ਤੇ ਦੋ ਡੀ.ਏ ਦੀਆ ਕਿਸ਼ਤਾ ਮਿਲਦੀਆ ਹਨ। ਨਗਰ ਨਿਗਮ ਵਿੱਚੋ 420 ਕਰਮਚਾਰੀ ਰਿਟਾਇਰ ਹੋਏ ਹਨ ਜਿਨ੍ਹਾਂ ਨੂੰ ਹਰ ਮਹੀਨੇ 1000.00 ਰੁ: ਮੈਡੀਕਲ ਭੱਤਾ ਦਿੱਤਾ ਜਾਦਾ ਹੈ। ਸਰਕਾਰ ਵੱਲੋਂ ਹਰ ਦੋ ਸਾਲ ਬਾਅਦ ਰਿਟਾਇਰੀਆ ਨੂੰ ਐਲ.ਟੀ.ਸੀ ਵਜੋ ਇੱਕ ਬੇਸਿਕ-ਪੈਨਸ਼ਨ ਦੇ ਬਰਾਬਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਲ 2025-2026 ਦੌਰਾਨ ਅਮਲੇ 'ਤੇ ਅੰਦਾਜ਼ਨ ਖਰਚਾ 5432.63 ਲੱਖ ਰੁ: ਹੋਵੇਗਾ। ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਮਾਲੀ ਸਾਲ 2025-2026 ਦੌਰਾਨ 13 ਮੁਲਾਜਮ ਰਿਟਾਇਰ ਹੋਏ ਹਨ, ਅਤੇ 04 ਮੁਲਾਜਮ ਦੀ ਨੌਕਰੀ ਦੌਰਾਨ ਮੌਤ ਹੋ ਗਈ ਸੀ ਅਤੇ 2 ਮੁਲਾਜਮ ਵਲੋਂ ਸਾਲ 2025-26 ਦੌਰਾਨ ਪ੍ਰੀ-ਮਿਚਓਰ ਰਿਟਾਇਰਮੈਂਟ ਲਈ ਗਈ ਹੈ । ਇਨ੍ਹਾਂ ਸਮਾਂ ਪੂਰਵ ਸੇਵਾ ਨਿਵਰਤ/ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਬਣਦੇ ਲਾਂਭਾਂ ਦੀ ਅਦਾਇਗੀ ਸਾਲ 2025-2026 ਦੇ ਬਜਟ ਵਿੱਚੋਂ ਕੀਤੀ ਗਈ ਹੈ। ਨਗਰ ਨਿਗਮ ਹੁਸ਼ਿਆਰਪੁਰ ਵਿੱਚ ਸਾਲ 2026-2027 ਦੌਰਾਨ 9 ਮੁਲਾਜਮ ਰਿਟਾਇਰ ਹੋ ਰਹੇ ਹਨ ਅਤੇ 1 ਮੁਲਾਜਮ ਵੱਲੋਂ ਪ੍ਰੀ-ਮਿਚਓਰ ਰਿਟਾਇਰਮੈਂਟ ਲਈ ਜਾਣੀ ਹੈ। ਇਨ੍ਹਾਂ ਦੀ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਦਾ ਵੀ ਸਾਲ 2026-27 ਦੇ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ। ਸਰਕਾਰ ਵੱਲੋਂ ਲਾਗੂ 6ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਤਨਖਾਹਾਂ ਅਤੇ ਰਿਟਾਇਰਮੈਂਟ ਡਿਊਜ਼ ਦਾ ਬਣਦਾ ਏਰੀਅਰ ਵੀ ਸਾਲ 2026-27 ਦੇ ਬਜਟ ਵਿੱਚੋਂ ਦਿੱਤਾ ਜਾਣਾ ਹੈ। ਜਿਸ ਨਾਲ ਸਾਲ 2026-27 ਵਿੱਚ ਅਮਲੇ ਦੇ ਖਰਚ ਦਾ ਵਾਧਾ ਹੋਇਆ ਹੈ। ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਸਾਲ 2026-2027 ਲਈ **ਅਮਲੇ ਦੀ ਮਦ ਅਧੀਨ** 5925.99 ਲੱਖ ਰੁ: ਦਾ ਉਪਬੰਧ ਕੀਤਾ ਜਾਂਦਾ ਹੈ। ਇਸ ਪ੍ਰਕਾਰ ਅਮਲੇ ਦੀ ਮੱਦ ਅਧੀਨ ਤਜਵੀਜ਼ ਖਰਚਾ ਅਨੁਮਾਨਤ ਆਮਦਨ ਦਾ 66% ਬਣਦਾ ਹੈ। ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਇਸ ਬਜਟ ਤਜਵੀਜ਼ ਵਿੱਚ ਖਾਲੀ ਪਈਆ ਅਸਾਮੀਆਂ ਦਾ ਖਰਚਾ ਸ਼ਾਮਲ ਨਹੀਂ ਹੈ। ਜੇਕਰ ਸਰਕਾਰ ਵੱਲੋਂ ਖਾਲੀ ਪਈਆ ਅਸਾਮੀਆਂ ਭਰੀਆ ਜਾਂਦੀਆਂ ਹਨ ਤਾਂ ਅਮਲੇ ਦੇ ਖਰਚੇ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

(2) <u>ਅਚਨਚੇਤ ਖਰਚੇ</u> :- ਇਸ ਮੱਦ ਅਧੀਨ ਸਾਲ 2025-26 ਵਿੱਚ 345.30 ਲੱਖ ਰੁ: ਦਾ ਉਪਬੰਧ ਕੀਤਾ ਗਿਆ ਸੀ ਜਿਸ ਵਿੱਚ ਮੁੱਖ ਤੌਰ ਤੇ ਪੈਟਰੋਲ/ਡੀਜ਼ਲ, ਸਟੇਸ਼ਨਰੀ, ਟੈਲੀਫੋਨ ਬਿੱਲ, ਵਰਦੀਆਂ ਆਦਿ ਦਾ ਖਰਚਾ ਸ਼ਾਮਿਲ ਹੈ। ਜਿਸ ਦੇ ਵਿਰੁੱਧ ਮਿਤੀ 31.01.2026 ਤੱਕ 221.64 ਲੱਖ ਰੁਪਏ **ਖਰਚ ਹੋਏ ਹਨ**, ਮਿਤੀ 01.02.2026 ਤੋਂ 31.03.2026 ਤੱਕ 123.66 ਲੱਖ ਰੁ: ਦਾ ਖਰਚ ਹੋਣ ਦਾ ਅਨੁਮਾਨ ਹੈ। ਇੱਥੇ ਫਾਇਰ ਬ੍ਰੀਗੇਡ ਦੀਆਂ ਗੱਡੀਆਂ ਅਤੇ ਦੂਜੀਆਂ ਹੋਰ ਗੱਡੀਆਂ ਨੂੰ ਵੀ.ਆਈ.ਪੀ ਡਿਊਟੀ ਦੇਣੀ ਪੈਂਦੀ ਹੈ। ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਫੋਗਿੰਗ ਕਰਨ ਲਈ ਵੀ ਤੇਲ ਦੀ ਖਪਤ ਹੁੰਦੀ ਹੈ। ਇਸ ਤਰ੍ਹਾਂ ਨਾਲ ਡੀਜਲ, ਪੈਟਰੋਲ ਦੀ ਖਪਤ ਆਮ ਨਾਲੋਂ ਬਹੁਤ ਜਿਆਦਾ ਹੁੰਦੀ ਹੈ। ਇਸ ਤੋਂ ਇਲਾਵਾ ਮਾਨਯੋਗ ਮੇਅਰ ਸਾਹਿਬ ਜੀ ਅਤੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੀ ਰਿਫਰੈਸ਼ਮੈਂਟ ਦਾ ਖਰਚਾ ਵੀ ਇਸ ਮੱਦ ਅਧੀਨ ਬੁੱਕ ਕੀਤਾ ਜਾਂਦਾ ਹੈ। ਇਨ੍ਹਾਂ ਤੱਥਾ ਨੂੰ ਮੁੱਖ ਰੱਖਦੇ ਹੋਏ ਸਾਲ 2026-27 ਲਈ 410.50 ਲੱਖ ਰੁ: ਦਾ ਬਜਟ ਉਪਬੰਧ ਕੀਤਾ ਜਾਂਦਾ ਹੈ ਜੋ ਕਿ ਤਜਵੀਜ ਕੀਤੀ ਆਮਦਨ ਦਾ 5% ਬਣਦਾ ਹੈ।

(3) <u>ਵਿਕਾਸ ਦੇ ਕੰਮਾਂ ਤੇ ਖਰਚਾ</u> :- ਸਾਲ 2025-2026 ਵਿੱਚ ਇਸ ਮੱਦ ਅਧੀਨ 1414.84 ਲੱਖ ਰੁ: ਦਾ ਉਪਬੰਧ ਕੀਤਾ ਗਿਆ ਸੀ ਇਸ ਵਿਰੁੱਧ ਮਿਤੀ 31.01.2026 ਤੱਕ ਰੁ: 1459.51 ਲੱਖ ਖਰਚ ਹੋਏ ਹਨ। ਮਿਤੀ 01.02.2026 ਤੋਂ 31.03.2026 ਤੱਕ 523.69 ਲੱਖ ਰੁ: ਦਾ ਖਰਚਾ ਹੋਣ ਦਾ ਅਨੁਮਾਨ ਹੈ। ਸਾਲ 2026-2027 ਲਈ ਵਿਕਾਸ ਦੇ ਕੰਮਾ ਤੇ 2624.51 ਲੱਖ ਰੁ: ਦਾ ਬਜਟ (ਕਮਿਟਿਡ ਕੰਮਾਂ ਲਈ 694.01 ਲੱਖ ਰੁ: ਅਤੇ ਨਾਨ- ਕਮਿਟਿਡ ਕੰਮਾਂ ਲਈ 1930.50 ਲੱਖ ਰੁ:) ਤਜਵੀਜ ਕੀਤਾ ਜਾਂਦਾ ਹੈ। ਜੋ ਕਿ ਤਜਵੀਜ ਕੀਤੀ ਆਮਦਨ ਦਾ 29% ਹੈ।

Scanned with OKEN Scanner

ਵਿਕਾਸ ਦੀ ਮਦ ਅਧੀਨ ਖਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :- (ਰਕਮ ਲੱਖਾਂ ਵਿਚ)

| ਲੜੀ ਨੰ: | ਮੱਦ ਦਾ ਨਾਂ | ਅਸਲ ਖਰਚਾ 2024-25 | ਬਜਟ ਪ੍ਰਵੀਜਨ 2025-26 | ਮਿਤੀ 01-04-2025 ਤੋਂ 31-01-2026 ਤੱਕ ਦਾ ਖਰਚਾ | 01-02-2026 ਤੋਂ 31-03-2026 ਤੱਕ **ਅਨੁਮਾਨਤ** ਖਰਚਾ | 2025-2026 ਦੌਰਾਨ ਅਨੁਮਾਨਤ ਖਰਚਾ (ਸੋਧੇ ਹੋਏ ਬਜਟ) | **ਤਜਵੀਜ਼ ਬਜਟ** 2026-2027 |
|---|---|---|---|---|---|---|---|
| 1 | ਸਟਰੀਟ ਲਾਈਟ ਅਤੇ ਹੋਰ ਬਿਜਲੀ ਦੇ ਬਿੱਲ, ਸਟਰੀਟ ਲਾਈਟ ਅਤੇ ਟਿਊਬਵੈਲਾਂ ਦੀ ਮੇਨਟੀਨੈਂਸ | 275.97 | 410.00 | 421.67 | 84.35 | 506.02 | 640.00 |
| 2 | ਆਡਿਟ ਫੀਸ | 0.00 | 5.00 | 7.53 | 0.00 | 7.53 | 25.00 |
| 3 | ਡਾਇਰੈਕਟੋਰੇਟ ਚਾਰਜਿਜ | 6.35 | 15.00 | 15.41 | 7.00 | 22.41 | 25.01 |
| 4 | ਚੋਣ ਖਰਚੇ | 3.34 | 5.50 | 0.00 | 5.50 | 5.50 | 4.00 |
| | (ਏ) ਸਬ ਜੋੜ | **285.66** | **435.50** | **444.61** | **96.85** | **541.46** | **694.01** |
| 1 | ਵਾ/ਸ ਦੇ (ਨਵੇ ਟਿਊਬਵੇਲ) | 7.11 | 30.00 | 33.11 | 6.62 | 39.73 | 60.00 |
| 2 | ਸੜਕਾਂ /ਗਲੀਆਂ ਦੀ ਨਵੀਂ ਉਸਾਰੀ (Bitumen) | 80.40 | 185.00 | 190.18 | 38.04 | 228.22 | 300.00 |
| 3 | ਸੜਕਾਂ /ਗਲੀਆਂ (Interlocking tiles/paver blocks) ਨਵੀਂ ਉਸਾਰੀ | 85.28 | 180.00 | 219.71 | 43.94 | 263.65 | 350.00 |
| 4 | CC Flooring ਨਵੀਂ ਉਸਾਰੀ | 14.85 | 35.00 | 7.42 | 25.58 | 33.00 | 35.00 |
| 5 | Foothpath/Pavement | 0.00 | 0.00 | 0.00 | 0.00 | 0.00 | 0.00 |
| 6 | ਡਰੇਨਿਜ/ਸਲੱਮ | 0.00 | 0.00 | 7.96 | 2.00 | 9.96 | 20.00 |
| 7 | ਸੜਕਾਂ /ਗਲੀਆਂ (Bitumen, interlocking, CC Flooring) Repair | 43.75 | 100.00 | 26.67 | 73.33 | 100.00 | 250.00 |
| 8 | ਹੋਰ ਵਿਕਾਸ ਦੇ ਕੰਮ (ABC Programme, st. light poles, ਕੰਨਟੀਨ, ਲੈਂਡ ਸਕੇਪਿੰਗ, ਨਾਈਟ-ਸ਼ੈਲਟਰ ਆਦਿ) ਨਵੀ ਉਸਾਰੀ | 109.44 | 80.00 | 285.63 | 57.13 | 342.76 | 350.00 |
| 9 | ਹੋਰ ਵਿਕਾਸ ਦੇ ਕੰਮ (ਪਾਰਕ/ਲੈਂਡ ਸਕੇਪਿੰਗ, ਨਾਈਟ-ਸ਼ੈਲਟਰ ਆਦਿ) Repair | 41.54 | 51.34 | 39.45 | 11.89 | 51.34 | 200.00 |
| 10 | ਫਾਇਰ ਹਾਈਡਰੈਂਟ ਹੋਜ਼ ਪਾਈਪ ਅਤੇ ਹੋਰ ਖਰੀਦ | 0.49 | 3.00 | 3.56 | 0.00 | 3.56 | 4.50 |
| 11 | ਸਟਾਫ ਵਹੀਕਲ ਦੀ ਖਰੀਦ | 10.51 | 35.00 | 0.00 | 35.00 | 35.00 | 20.00 |
| 12 | ਸੈਨੀਟੇਸ਼ਨ/ਸੀਵਰੇਜ ਲਾਈਨ | 32.30 | 40.00 | 93.09 | 18.62 | 111.71 | 100.00 |
| 13 | ਅਮਰੂਤ ਪਾਰਕ | 2.18 | 0.00 | 0.00 | 0.00 | 0.00 | 0.00 |
| 14 | ਪਾਰਕਾਂ ਦੀ ਮੇਨਟੀਨੈਂਸ | 11.68 | 12.00 | 8.22 | 3.78 | 12.00 | 15.00 |
| 15 | ਨਵੇਂ ਕੰਪਿਊਟਰ ਅਤੇ ਪ੍ਰਿੰਟਰਾਂ ਦੀ ਖਰੀਦ | 5.33 | 10.00 | 0.51 | 9.49 | 10.00 | 15.00 |
| 16 | ਗਊ ਸ਼ਾਲਾ/ ਅਵਾਰਾ ਪਸ਼ੂਆ ਦੀ ਸਾਂਭ-ਸੰਭਾਲ | 52.27 | 90.00 | 42.33 | 15.00 | 57.33 | 60.00 |
| 17 | ਸੋਲਿਡ ਵੇਸਟ ਮੈਨਜਮੈਂਟ (ਡੰਪਿੰਗ ਗਰਾਉਂਡ/ ਬਾਊਂਡਰੀ ਵਾਲ ਅਤੇ ਮਸ਼ੀਨਰੀ ਦੀ ਖਰੀਦ ਅਤੇ ਰਿਪੇਅਰ/ਸੀਵਰੇਜ ਟ੍ਰੀਟਮੈਂਟ ਆਦਿ) | 38.30 | 100.00 | 25.35 | 74.65 | 100.00 | 105.00 |

Scanned with OKEN Scanner

| | | | | | | | |
|---|---|---|---|---|---|---|---|
| 18 | <u>Public Toilets</u> | 14.55 | 18.00 | 27.90 | 5.58 | 33.48 | 35.00 |
| 19 | ਫਰਨੀਚਰ ਦੀ ਖਰੀਦ | 1.77 | 10.00 | 3.81 | 6.19 | 10.00 | 11.00 |
| | (ਬੀ) ਸਬ ਜੋੜ | **551.75** | **979.34** | **1014.90** | **426.84** | **1571.25** | **1930.50** |

| | | | | | | | |
|---|---|---|---|---|---|---|---|
| | ਏ ਸਬ ਜੋੜ | 285.66 | 435.50 | 444.62 | 96.84 | 541.46 | 694.01 |
| | ਬੀ ਸਬ ਜੋੜ | 551.75 | 979.34 | 1014.90 | 426.84 | 1441.74 | 1930.50 |
| | ਕੁੱਲ ਜੋੜ | **837.41** | **1414.84** | **1459.51** | **523.69** | **1983.20** | **2624.51** |

ਉਪਰੋਕਤ ਅਨੁਸਾਰ ਨਗਰ ਨਿਗਮ ਦਾ ਆਮਦਨ ਅਤੇ ਖਰਚੇ ਦਾ ਬਜਟ ਬਾਬਤ ਸਾਲ 2026-27 ਦਾ ਸਾਰ ਹੇਠ ਲਿ ਅਨੁਸਾਰ ਹੈ :-

ਅਨੁਮਾਨਤ ਆਮਦਨ 2026-27 8961.00 ਲੱਖ

ਅਨੁਮਾਨਤ ਖਰਚਾ 2026-27 8961.00 ਲੱਖ

ਤਜਵੀਜ ਕੀਤੀ ਗਈ ਆਮਦਨ ਦਾ ਪ੍ਰਤੀਸ਼ਤ

| ਲੜੀ ਨੰ: | ਮਦ | ਬਜ਼ਟ ਉਪਬੰਧ (2026-27) | ਪ੍ਰਤੀਸ਼ਤ |
|---|---|---|---|
| (ੳ) | ਅਮਲਾ | 5925.99 ਲੱਖ | 66% |
| (ਅ) | ਕੰਟੀਜ਼ੈਨਸੀ | 410.50 ਲੱਖ | 5% |
| (ੲ) | ਵਿਕਾਸ | 2624.51 ਲੱਖ | 29% |
| | ਕੁੱਲ ਜੋੜ | 8961.00 ਲੱਖ | 100% |

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਹੁਸ਼ਿਆਰਪੁਰ ਵਲੋ ਅਨੁਮਾਨਤ ਬਜਟ ਸਾਲ 2026-27 ਅਤੇ ਸੋਧੇ ਹੋਏ ਬਜਟ 2025-26 ਦੀ ਤਜਵੀਜ ਨਗਰ ਨਿਗਮ ਐਕਟ 1976 ਦੀ ਧਾਰਾ 86(1) ਅਤੇ 87(2) ਅਧੀਨ ਸਰਕਾਰ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਲੇਖਾਕਾਰ

S.E.

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਕਮਿਸ਼ਨਰ ਜੀ,

ਮੇਅਰ ਜੀ

Scanned with OKEN Scanner